ਐਤਵਾਰ
10, ਜਨਵਰੀ 2010
28 ਪੋਹ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 271,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

**ਵਿਸ਼ੇਸ਼ ਸੰਪਾਦਕੀ**

## ਪ੍ਰਧਾਨ ਮੰਤਰੀ ਦੀ ਟਿੱਪਣੀ ਅਫ਼ਸੋਸਨਾਕ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਕੁਲੀਸ਼ਨ ਸਰਕਾਰਾਂ ਬਾਰੇ ਗ਼ੈਰ-ਜ਼ਰੂਰੀ ਅਤੇ ਗ਼ੈਰ-ਹਕੀਕੀ ਟਿੱਪਣੀ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨੇ ਇਹ ਟਿੱਪਣੀ ਕਰਨ ਸਮੇਂ ਦੇਸ਼ ਦੇ ਬਹੁ-ਭਾਂਤੀ ਸੱਭਿਆਚਾਰ, ਬਹੁ-ਕੌਮ, ਬਹੁ-ਧਰਮ ਅਤੇ ਵੱਖ-ਵੱਖ ਭਾਸ਼ਾਵਾਂ ਦੀ ਹਕੀਕਤ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। ਇਸ ਤਰ੍ਹਾਂ ਭਾਰਤ ਅਜਿਹੀਆਂ ਭਿੰਨਤਾਵਾਂ ਅਤੇ ਵੱਖਰੇਵਿਆਂ ਦਾ ਇੱਕ ਗਠਬੰਧਨ ਹੈ। ਭਾਰਤ ਵਿੱਚ ਇਸ ਲਈ ਗਠਬੰਧਨ ਸਰਕਾਰਾਂ ਕੇਵਲ ਰਾਜਨੀਤਕ ਜ਼ਰੂਰਤ ਨਹੀਂ ਹਨ, ਸਗੋਂ ਦੇਸ਼ ਦੀ ਏਕਤਾ ਲਈ ਵੱਖ-ਵੱਖ ਸੱਭਿਆਚਾਰਾਂ ਅਤੇ ਖਿੱਤਿਆਂ ਦੀ ਸਤਾ ਵਿੱਚ ਭਾਈਵਾਲੀ ਲਈ ਜ਼ਰੂਰੀ ਹਨ। ਇਸ ਤੱਥ ਦੀ ਅਣਦੇਖੀ ਹੀ ਵੱਖਵਾਦ ਪੈਦਾ ਕਰਨ ਦਾ ਕਾਰਨ ਬਣਦੀ ਹੈ, ਕਿਉਂਕਿ ਦੇਸ਼ ਕਿਸੇ ਇੱਕ ਭਾਈਚਾਰੇ ਦਾ ਨਹੀਂ ਹੈ। ਪ੍ਰਧਾਨ ਮੰਤਰੀ ਨੇ ਸੌੜੀ ਸੋਚ ਦਾ ਪ੍ਰਗਟਾਵਾ ਕੀਤਾ ਹੈ। ਅਜਿਹੀ ਸੌੜੀ ਸੋਚ ਹੀ ਆਰ.ਐੱਸ.ਐੱਸ. ਦੀ ਹੈ। ਪ੍ਰਧਾਨ ਮੰਤਰੀ ਦੇ ਬਿਆਨ ਨੇ ਸਾਡੇ ਵੱਲੋਂ ਪ੍ਰਗਟਾਏ ਜਾ ਰਹੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ ਕਿ ਭਾਜਪਾ ਅਤੇ ਕਾਂਗਰਸ ਇੱਕ ਸਿੱਕੇ ਦੇ ਦੋ ਪਾਸੇ ਹਨ। ਭਾਰਤ ਨੂੰ ਯੂਰਪੀਨ ਭਾਈਚਾਰੇ ਤੋਂ ਸਬਕ ਸਿੱਖਣਾ ਚਾਹੀਦਾ ਹੈ। ਯੂਰਪੀਨ ਭਾਈਚਾਰਾ ਇੱਕ ਕਰੰਸੀ, ਖੁੱਲ੍ਹਾ ਵਪਾਰ ਅਤੇ ਖੁੱਲ੍ਹਾ ਵੀਜ਼ਾ, ਖੁੱਲ੍ਹਾ ਕਾਰੋਬਾਰ ਕਰ ਰਹੇ ਹਨ। ਅਸੀਂ ਆਪਣੇ ਗੁਆਂਢੀ ਮੁਲਕਾਂ ਨਾਲ 60 ਸਾਲਾਂ ਵਿੱਚ ਇੱਕ ਵੀ ਝਗੜਾ ਨਹੀਂ ਨਿਬੇੜ ਸਕੇ। ਸਾਡੇ ਬੱਜਟ ਦਾ ਵੱਡਾ ਹਿੱਸਾ ਫੌਜੀ ਖਰਚੇ 'ਤੇ ਖਰਚ ਹੁੰਦਾ ਹੈ, ਜਦੋਂ ਕਿ ਸਾਡੀ ਵਸੋਂ ਦਾ ਬਹੁਤ ਵੱਡਾ ਹਿੱਸਾ ਜਿਸ ਦੀ ਗਿਣਤੀ 20 ਕਰੋੜ ਦੇ ਲੱਗਭੱਗ ਹੈ, ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਾਂਝਾ ਹੈ। ਇੱਕ ਵਿਸ਼ਾਲ ਦੇਸ਼ ਦੇ ਆਗੂਆਂ ਦੀ ਸੋਚ ਵਿਸ਼ਾਲ ਨਹੀਂ ਹੈ। ਦੇਸ਼ ਦੇ ਸਰਹੱਦੀ ਇਲਾਕਿਆਂ ਵਿੱਚ ਬੇਚੈਨੀ ਹੈ। ਦੇਸ਼ ਦੇ ਗੁਆਂਢੀ ਦੇਸ਼ਾਂ ਨਾਲ ਸਬੰਧ ਤਣਾਅਪੂਰਵਕ ਹਨ। ਦੇਸ਼ ਦੇ ਵੱਡੇ ਹਿੱਸਿਆਂ ਵਿੱਚ ਨਕਸਲਵਾੜੀ ਲਹਿਰ ਦਾ ਬੋਲਬਾਲਾ ਹੈ। ਫਿਰ ਅਸੀਂ ਦੇਸ਼ ਦੀ ਅੰਦਰੂਨੀ ਸੁਰੱਖਿਆ ਦੀ ਨੀਤੀ, ਵਿਦੇਸ਼ੀ ਨੀਤੀ ਅਤੇ ਆਰਥਿਕ ਨੀਤੀਆਂ ਨੂੰ ਕਿਵੇਂ ਜਾਇਜ਼ ਠਹਿਰਾਅ ਸਕਦੇ ਹਾਂ। ਦੇਸ਼ ਦੀ ਅਜ਼ਾਦੀ ਦੀ 50ਵੀਂ ਵਰ੍ਹੇਗੰਢ ਉੱਪਰ ਪਾਰਲੀਮੈਂਟ ਵਿੱਚ ਸਰਬ-ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਕਿ ਦੇਸ਼ ਨੂੰ ਦੂਜੀ ਅਜ਼ਾਦੀ ਦੀ ਜੰਗ ਦੀ ਜ਼ਰੂਰਤ ਹੈ। ਇਸ ਦਾ ਅਰਥ ਬਹੁਤ ਸਪੱਸ਼ਟ ਹੈ ਕਿ ਪਹਿਲੀ ਆਜ਼ਾਦੀ ਅਧੂਰੀ ਹੈ, ਪ੍ਰੰਤੂ ਪਾਰਲੀਮੈਂਟ ਵਿੱਚ ਮਤਾ ਪਾਸ ਕਰਨ ਤੋਂ ਬਾਅਦ ਕਿਸੇ ਵੀ ਰਾਜਸੀ ਪਾਰਟੀ ਜਾਂ ਮੈਂਬਰ ਪਾਰਲੀਮੈਂਟ ਨੇ ਉਪਰੋਕਤ ਮਤੇ ਦਾ ਨਾਮ ਨਹੀਂ ਲਿਆ। ਮਤਾ ਕੇਵਲ ਕਾਗਜ਼ਾਂ ਵਿੱਚ ਦੱਬ ਕੇ ਰਹਿ ਗਿਆ। ਅਸੀਂ ਸਮਝਦੇ ਹਾਂ ਕਿ ਵਰਤਮਾਨ ਰਾਜਸੀ, ਪ੍ਰਸ਼ਾਸਕੀ, ਆਰਥਿਕ ਅਤੇ ਸੱਭਿਆਚਾਰਕ ਸਿਸਟਮ ਵਿੱਚ ਭਾਰੀ ਤਬਦੀਲੀਆਂ ਦੀ ਜ਼ਰੂਰਤ ਹੈ। ਅੱਜ ਹਰ ਖੇਤਰ ਵਿੱਚ ਅਸਮਾਨਤਾ ਵੱਧ ਰਹੀ ਹੈ। ਇਹ ਖੇਤਰ ਭਾਵੇਂ ਸਿੱਖਿਆ ਦਾ ਹੋਵੇ, ਸਿਹਤ ਸੇਵਾਵਾਂ ਦਾ ਹੋਵੇ, ਜਾਂ ਆਰਥਿਕ ਨਾ ਬਰਾਬਰੀ ਦਾ ਹੋਵੇ। ਇਹ ਵੱਧ ਰਿਹਾ ਪਾੜਾ ਦੇਸ਼ ਦੇ ਭਵਿੱਖ ਲਈ ਖਤਰੇ ਦੀ ਘੰਟੀ ਹੈ। ਸਿਆਣਾ ਵੈਦ ਉਹੀ ਕਿਹਾ ਜਾ ਸਕਦਾ ਹੈ, ਜਿਹੜਾ ਪ੍ਰਹੇਜ਼ ਬਾਰੇ ਵੀ ਚੰਗੀ ਤਰ੍ਹਾਂ ਜਾਣੂੰ ਹੋਵੇ। ਪ੍ਰਹੇਜ਼ ਤੋਂ ਬਿਨਾਂ ਕਿਸੇ ਬੀਮਾਰੀ ਦਾ ਇਲਾਜ ਸੰਭਵ ਨਹੀਂ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਭਾਰਤ ਵਰਗੇ ਵਿਸ਼ਾਲ ਅਬਾਦੀ ਵਾਲੇ ਦੇਸ਼ ਵਿੱਚ ਸਿਆਣੇ ਰਾਜਨੀਤਕ ਵੈਦਾਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਅਤੇ ਬੀਬੀ ਸੋਨੀਆ ਗਾਂਧੀ ਸੰਜੀਦਾ ਰਾਜਨੀਤਕ ਆਗੂ ਹਨ, ਉਨ੍ਹਾਂ ਨੂੰ ਦੇਸ਼ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਲਈ ਦ੍ਰਿੜ ਰਾਜਸੀ ਇੱਛਾ ਸ਼ਕਤੀ ਅਤੇ ਸਹੀ ਸੇਧ ਦੀ ਜ਼ਰੂਰਤ ਹੈ।

-ਗੁਰਦੀਪ ਸਿੰਘ

## ਪੰਜਾਬ ਐਨ.ਆਰ.ਆਈਜ਼ ਲਈ ਸਟੇਟ ਕਮਿਸ਼ਨ ਸਥਾਪਤ ਕਰੇਗਾ-ਸੁਖਬੀਰ

### ਹਾਈਕੋਰਟ ਦੇ ਸਾਬਕਾ ਜੱਜ ਹੋਣਗੇ ਮੁੱਖੀ

ਨਵੀਂ ਦਿੱਲੀ/ਚੰਡੀਗੜ੍ਹ, 9 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਉੱਪ ਮੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ(ਐਨ.ਆਰ.ਆਈਜ਼)ਲਈ ਸਟੇਟ ਕਮਿਸ਼ਨ ਸਥਾਪਤ ਕਰੇਗੀ।ਉਨ੍ਹਾਂ ਨੇ ਇਹ ਐਲਾਨ ਅੱਜ ਨੱਵੀ ਦਿੱਲੀ ਵਿਖੇ ਪ੍ਰਵਾਸੀ ਭਾਰਤੀ ਪਲੈਨਰੀ ਸੈਸ਼ਨ ਦੇ ਸਮਾਪਤੀ ਸਮਾਰੋਹ ਦੌਰਾਨ ਕੀਤਾ। ਸ:ਬਾਦਲ ਨੇ ਕਿਹਾ ਕਿ ਕਮਿਸਨ ਲਈ ਟਰਮਾਂ ਤੇ ਸ਼ਰਤਾ ਨੂੰ ਪੰਜਾਬੀ ਭਾਈਚਾਰੇ ਨਾਲ ਵਿਚਾਰ ਵਟਾਂਦਰਾ ਕਰਨ ਤੇ ਬਾਅਦ ਅੰਤਿਮ ਰੂਪ ਦਿਤਾ ਜਾਵੇਗਾ।ਇਸ ਕਮਿਸ਼ਨ ਦੇ ਇਹ ਕਮਿਸ਼ਨ ਸਿਰਫ ਉਨ੍ਹਾਂ ਮਾਮਲਿਆਂ ਨੂੰ ਵਿਚਾਰੇਗਾ ਜਿਨ੍ਹਾਂ ਨਾਲ ਕੋਈ ਵੀ ਵਿਭਾਗ ਨਹੀਂ ਨਿਪਟੇਗਾ। ਉਨ੍ਹਾਂ ਕਿਹਾ ਕਿ ਇਹ ਕਮਿਸ਼ਨ ਪ੍ਰਵਾਸੀ ਭਾਰਤੀਆਂ ਨੂੰ ਤੇਜੀ ਨਾਲ ਨਿਆ ਮੁਹਈਆ ਕਰਵਾਉਣ ਖਾਸਕਰ ਜਾਇਦਾਦ,ਵਿਆਹ ਅਤੇ ਇੰਮੀਗਰੇਸ਼ਨ ਦੇ ਸਬੰਧ ਵਿਚ ਨਿਆ ਮੁਹਈਆ ਕਰਾਉਣ ਲਈ ਸਥਾਪਤ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਚੰਡੀਗੜ੍ਹ ਅਤੇ ਜਲੰਧਰ ਵਿੱਖੇ ਹੋਏ ਐਨ.ਆਰ.ਆਈ. ਸੰਮੇਲਨ ਤੋਂ ਬਾਅਦ ਲਏ ਗਏ ਫੈਸਲਿਆਂ ਦੀ ਜਾਣਕਾਰੀ ਦਿੰਦੇ ਹੋਏ ਸ:ਬਾਦਲ ਨੇ ਦੱਸਿਆ ਕਿ ਈਸਟ ਪੰਜਾਬ ਰੈਂਟ ਐਕਟ ਨੂੰ ਸੋਧਿਆ ਗਿਆ ਹੈ ਜਿਸ ਦੇ ਹੇਠ ਐਨ.ਆਰ.ਆਈਜ਼ ਨੂੰ ਕਿਰਾਏ 'ਤੇ ਦਿਤੀ ਆਪਣੀ ਜਾਇਦਾਦ ਕਿਰਾਏ ਦਾਰਾਂ ਤੋਂ ਖਾਲੀ ਕਰਵਾਉਣ ਦੇ ਅਧਿਕਾਰ ਦਿਤੇ ਗਏ ਹਨ।ਇਸ ਤੋਂ ਇਲਾਵਾ ☛(ਬਾਕੀ ਸਫਾ 2 'ਤੇ)

## ਪੂੰਜੀ ਨਿਵੇਸ਼ ਦੇ ਮੌਕੇ ਹੋਰ ਵਧਣਗੇ

### *ਹੇਅਰ ਵੱਲੋਂ ਮਨਮੋਹਨ ਦੇ ਐਲਾਨ ਦਾ ਸਵਾਗਤ*

ਜਲੰਧਰ, (ਸਰਬਜੀਤ ਵਾਲੀਆ)-ਐੱਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਪ੍ਰਧਾਨ ਮੰਤਰੀ ਸ੍ਰ. ਮਨਮੋਹਨ ਸਿੰਘ ਵੱਲੋਂ ਪ੍ਰਵਾਸੀ ਭਾਰਤੀਆਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਵੋਟ ਦਾ ਅਧਿਕਾਰ ਦੇਣ ਦੇ ਐਲਾਨ ਦਾ ਜ਼ੋਰਦਾਰ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਨਾ ਕੇਵਲ ਪ੍ਰਵਾਸੀ ਭਾਰਤੀਆਂ ਦਾ ਮਾਣ ਵਧੇਗਾ, ਬਲਕਿ ਭਾਰਤ ਖਾਸ ਕਰਕੇ ਪੰਜਾਬ ਵਿੱਚ ਪ੍ਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਦੀ ਮੰਗ ਪਿਛਲੇ ਦੋ ਸਾਲ ਤੋਂ ਜ਼ੋਰਦਾਰ ਢੰਗ ਨਾਲ ਕਈ ਫੋਰਮਾਂ 'ਤੇ ਉਠਾਈ ਸੀ ਅਤੇ ਪਿਛਲਾ ਸਾਲ ਆਪਣੀ ਸਾਲਾਨਾ ਕਾਨਫਰੰਸ ਵਿੱਚ ਸਭਾ ਵੱਲੋਂ ਪੰਜਾਬ ਸਰਕਾਰ ਰਾਹੀਂ ਭਾਰਤ ਸਰਕਾਰ ਨੂੰ ਮੈਮੋਰੰਡਮ ਵੀ ਭੇਜਿਆ ਸੀ। ਹੁਣ ਵੀ ਜਦੋਂ ਜਨਵਰੀ ਦੇ ਪਹਿਲੇ ਹਫਤੇ ਪੰਜਾਬ ਦੇ ਐੱਨ.ਆਰ.ਆਈ. ਸੇਵਾ ਸਿੰਘ ਸੇਖਵਾਂ ਐਨ.ਆਰ.ਆਈ. ਸਮਾਗਮ ਵਿੱਚ ਆਏ ਹੋਏ ਸਨ ਤੇ ਸਭਾ ਨੇ ਉਨ੍ਹਾਂ ਨੂੰ ਮੈਮੋਰੰਡਮ ਦੇ ਕੇ ਪਹਿਲੀ ਮੰਗ ਇਹੋ ਰੱਖੀ ਸੀ ਪ੍ਰਵਾਸੀ ਭਾਰਤੀਆਂ ਨੂੰ ਦੇਸ਼ ਅੰਦਰ ਵੋਟ ਦਾ ਅਧਿਕਾਰ ਮਿਲਣਾ ਚਾਹੀਦਾ ਹੈ ਅਤੇ ਭਾਰਤ ਨੂੰ ਭੇਜਣ ਲਈ ਵੱਖਰਾ ਲੋਕ ਸਭਾ ਚੋਣਾਂ ਵਿੱਚ ਵੋਟ ਦੇਣ ਦੇ ਅਧਿਕਾਰ ਦਾ ਜੋ ਵਿਸ਼ਵਾਸ ਦਿਵਾਇਆ ਹੈ, ਉਹ ਸਰਾਹਣਾਯੋਗ ਹੈ ਅਤੇ ਸਾਡੀ ਮੰਗ ਹੈ ਕਿ ਜਦੋਂ ਪ੍ਰਵਾਸੀ ਭਾਰਤੀ ਵਿਦੇਸ਼ਾਂ ਵਿੱਚ ਜਾ ਕੇ ਵੋਟਾਂ ਪਾਉਂਦੇ ਤੇ ਚੋਣਾਂ ਲੜ ਸਕਦੇ ਹਨ ਤਾਂ ਆਪਣੇ ਦੇਸ਼ ਵਿੱਚ ਵੋਟ ਦਾ ਅਧਿਕਾਰ ਨਾ ਹੋਣ ਕਾਰਨ ਉਨ੍ਹਾਂ ਨੂੰ ਮਾਯੂਸੀ ਹੁੰਦੀ ਸੀ। ਕਈ ਵਾਰ ਤਾਂ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਕੰਮ ਕਰਵਾਉਣ ਵਿੱਚ ਇਸ ਕਰਕੇ ਵੀ ਮੁਸ਼ਕਿਲਾਂ ਆਉਂਦੀਆਂ ਸਨ, ਕਿਉਂਕਿ ਵੋਟਾਂ ਦੀ ਰਾਜਨੀਤੀ ਕਾਰਨ ਉਨ੍ਹਾਂ ਦੇ ਹੱਥ ਖਾਲੀ ਹੁੰਦੇ ਸਨ, ਪਰ ਹੁਣ ਇਸ ਅਧਿਕਾਰ ਨਾਲ ਉਹ ਇਹ ਮਹਿਸੂਸ ਕਰਨਗੇ ਕਿ ਕੋਈ ਵਿਕਾਸ ਵਿੱਚ ਉਨ੍ਹਾਂ ਦੀ ਅਵਾਜ਼ ਸੁਣੀ ਜਾਵੇਗੀ ਤੇ ਸ਼ਮੂਲੀਅਤ ਹੋਵੇਗਾ ਤੇ ਉਹ ਭਾਰਤ ਵਿੱਚ ਜਮਹੂਰੀਅਤ ਦੀਆਂ ਨੀਹਾਂ ਹੋਰ ਪੱਕੀਆਂ ਕਰਨ ਲਈ ਇਸ ਵਿੱਚ ਆਪਣਾ ਯੋਗਦਾਨ ਪਾ ਸਕਣਗੇ।

## ਕੈਨੇਡਾ ਦੇ ਸਪੀਕਰ ਵੱਲੋਂ ਬਾਦਲ ਨਾਲ ਮੁਲਾਕਾਤ

### ਪੰਜਾਬੀਆਂ ਵੱਲੋਂ ਕੈਨੇਡਾ ਦੀ ਤਰੱਕੀ 'ਚ ਪਾਏ ਯੋਗਦਾਨ ਲਈ ਪੰਜਾਬ ਸਰਕਾਰ ਦਾ ਕੀਤਾ ਸ਼ੁਕਰੀਆ ਅਦਾ

ਚੰਡੀਗੜ੍ਹ 9 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਕਨੈਡਾ ਦੀ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ਼ ਦੇ ਸਪੀਕਰ ਸ੍ਰੀ ਪੀਟਰ ਮਿਲਕਨ ਕਨੈਡਾ ਦੇ ਐਮ.ਪੀ.ਸ੍ਰੀ ਗੁਰਬਖਸ਼ ਸਿੰਘ ਮੱਲੀ ਦੇ ਨਾਲ ਅੱਜ ਇਥੇ ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ ਸਿੰਘ ਬਾਦਲ ਨੂੰ ਮਿਲੇ ਅਤੇ ਧਾਰਮਿਕ ਤੇ ਸਭਿਆਚਾਰਕ ਤੌਰ ਤੇ ਅਮੀਰ ਪੰਜਾਬੀ ਭਾਈਚਾਰ ਵੱਲੋਂ ਕਨੈਡਾ ਦੇ ਆਰਥਿਕ ਵਿਕਾਸ ਵਿਚ ਵੱਡਾ ਯੋਗਦਾਨ ਪਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਸ਼੍ਰੀ ਪੀਟਰ ਨੇ ਉਮੀਦ ਪ੍ਰਗਟ ਕੀਤੀ ਕਿ ਖੇਤੀਬਾੜੀ,ਆਈ.ਟੀ.ਅਤੇ ਬਾਇਓ ਟੈਕਨਾਲੋਜ਼ੀ ਦੇ ਖੇਤਰਾਂ ਵਿਚ ਤਕਨਾਲੋਜ਼ੀ,ਮਹਾਰਤ ਅਤੇ ਤਜ਼ਰਬੇ ਦਾ ਆਪਸ ਵਿਚ ☛(ਬਾਕੀ ਸਫਾ 2 'ਤੇ)

## ਰਾਠੌਰ ਦੀ ਗ੍ਰਿਫ਼ਤਾਰੀ ਤੋਂ ਹਰਿਆਣਾ ਪੁਲਿਸ ਵੱਲੋਂ ਨਾਹ

### *ਕਿਉਂਕਿ ਮਾਮਲਾ ਸੀ.ਬੀ.ਆਈ. ਦੇ ਹਵਾਲੇ ਹੈ*

ਪੰਚਕੂਲਾ/ਚੰਡੀਗੜ੍ਹ, 9 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਸੀ.ਬੀ.ਆਈ. ਬਹੁ-ਚਰਚਿਤ ਰੁਚਿਕਾ ਗਿਰੋਹਤਰਾ ਮਾਮਲੇ ਦੀ ਜਾਂਚ ਕਰਨ ਲਈ ਤਿਆਰ ਹੋ ਗਈ ਹੈ। ਸੂਤਰਾਂ ਅਨੁਸਾਰ ਸੀ.ਬੀ.ਆਈ. ਨੇ ਹਰਿਆਣਾ ਸਰਕਾਰ ਦੀ ਸਿਫਾਰਿਸ਼ ਨੂੰ ਮਨਜ਼ੂਰ ਕਰ ਲਿਆ ਹੈ ਅਤੇ ਹੁਣ ਏਜੰਸੀ ਰਾਠੌਰ ਖ਼ਿਲਾਫ ਆਈ.ਪੀ.ਸੀ. ਦੀ ਧਾਰਾ 306 ਦੇ ਤਹਿਤ ਜਾਂਚ ਕਰੇਗੀ। ਹਰਿਆਣਾ ਪੁਲਿਸ ਦਾ ਕਹਿਣਾ ਹੈ ਕਿ ਰਾਠੌਰ ਨੂੰ ਫਿਲਹਾਲ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ। ਪੰਚਕੂਲਾ ਦੇ ਐਸ.ਪੀ. ਮਨੀਸ਼ ਚੌਧਰੀ ਨੇ ਕਿਹਾ ਕਿ ਸਾਡੀ ਜਾਂਚ ਜਾਰੀ ਹੈ ਅਤੇ ਅਸੀਂ ਕਿਸੇ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਸਾਰਿਆਂ ਮੁੱਦਿਆਂ ਦੀ ਜਾਂਚ ਕਰਾਂਗੇ। ਚੌਧਰੀ ਨੇ ਕਿਹਾ ਕਿ ਇਸ ਮੁੱਦੇ 'ਤੇ ਅਸੀਂ ਜਲਦਬਾਜ਼ੀ ਨਹੀਂ ਕਰਾਂਗੇ ਅਤੇ ਅਸੀਂ ਮਾਮਲੇ ਨਾਲ ਸੰਬੰਧਤ ਸਾਰੇ ਸਬੂਤਾਂ ਨੂੰ ਜੁਟਾਉਣ ਵਿੱਚ ਰੁੱਝੇ ਹਾਂ। ਇਸ ਤੋਂ ਪਹਿਲਾਂ ਪੰਚਕੂਲਾ ਦੀ ਇੱਕ ਅਦਾਲਤ ਨੇ ਨੂੰ ਰਾਠੌਰ ਦੀ ਅਗਾਊਂ ਜ਼ਮਾਨਤ ਪਟੀਸ਼ਨ ਖਾਰਿਜ ਕਰ ਦਿੱਤੀ ਸੀ। ਪਟੀਸ਼ਨ ☛(ਬਾਕੀ ਸਫਾ 2 'ਤੇ)

## ਮੈਲਬੌਰਨ 'ਚ ਭਾਰਤੀ ਨੌਜਵਾਨ ਨੂੰ ਜ਼ਿੰਦਾ ਸਾੜਨ ਦੀ ਕੋਸ਼ਿਸ਼

ਮੈਲਬੌਰਨ, 9 ਜਨਵਰੀ (ਵਿਸ਼ਵ ਵਾਰਤਾ)- ਆਸਟਰੇਲੀਆ ਵਿੱਚ ਭਾਰਤੀਆਂ 'ਤੇ ਕੀਤੇ ਜਾ ਰਹੇ ਹਮਲੇ ਰੁਕਦੇ ਨਜ਼ਰ ਨਹੀਂ ਆ ਰਹੇ ਹਨ। ਇੱਕ ਹੋਰ ਤਾਜ਼ਾ ਘਟਨਾ ਵਿੱਚ ਕੁਝ ਅਣਪਛਾਤੇ ਲੋਕਾਂ ਨੇ ਇੱਕ ਭਾਰਤੀ ਨੌਜਵਾਨ ਨੂੰ ਜਲਾਉਣ ਦੀ ਕੋਸ਼ਿਸ਼ ਕੀਤੀ। ਸੂਤਰਾਂ ਅਨੁਸਾਰ ਚਾਰ ਅਣਪਛਾਤੇ ਲੋਕਾਂ ਨੇ ਮੈਲਬੌਰਨ ਦੇ ਐਸੇਨਡਨ ਵਿੱਚ 29 ਸਾਲਾ ਭਾਰਤੀ ਨੌਜਵਾਨ ਨੂੰ ਜਲਾਉਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਵਿੱਚ ਨੌਜਵਨ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਹੈ। ਪੁਲਿਸ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਭਾਰਤੀ ਨੌਜਵਾਨ ਆਪਣੀ ਪਤਨੀ ਦੇ ਨਾਲ ਡਿਨਰ ਤੋਂ ਬਾਅਦ ਕਾਰ ਤੋਂ ਘਰ ਪਰਤ ਰਿਹਾ ਸੀ। ਪਤਨੀ ਨੂੰ ਕਾਰ ਤੋਂ ਉਤਾਰ ਕੇ ਜਦੋਂ ਉਹ ਗੱਡੀ ਪਾਰਕ ਕਰ ਰਿਹਾ ਸੀ ਉਦੋਂ ਹੀ ਚਾਰ ਲੋਕਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਫਿਰ ਉਸ 'ਤੇ ਕੋਈ ਤਰਲ ਪਦਾਰਥ ਸੁੱਟ ਕੇ ਅੱਗ ਲਗਾ ਦਿੱਤੀ। ਇਸ ਤੋਂ ਬਾਅਦ ਸਾਰੇ ਹਮਲਾਵਰ ਉਥੋਂ ਫਰਾਰ ਹੋ ਗਏ। ਜ਼ਿਕਰਯੋਗ ਹੈ ਕਿ ਬੀਤੀ ਇੱਕ ਜਨਵਰੀ ਨੂੰ ਨਿਊ ਸਾਊਥ ਵੇਲਸ ਦੇ ਗ੍ਰੀਫਿਥ ਵਿੱਚ ਪੰਜਾਬ ਦੇ ਰਣਜੋਤ ਸਿੰਘ ਦੀ ਅੱਧ-ਜਲੀ ਲਾਸ਼ ਬਰਾਮਦ ਕੀਤੀ ਗਈ ਸੀ। ਇਸ ਤੋਂ ਪਹਿਲਾਂ ਵੀ 21 ਸਾਲਾ ਨਿਤਿਨ ਗਰਗ ਦੀ ਵੀ ਅਣਪਛਾਤੇ ਹਮਲਾਵਰਾਂ ਨੇ ਚਾਕੂ ਮਾਰ ਕੇ ਹੱਤਿਆ ਕਰ ਕੀਤੀ ਸੀ। ਮੂਲ ਰੂਪ ਨਾਲ ਪੰਜਾਬ ਦੇ ਰਹਿਣ ਵਾਲੇ ਨਿਤਿਨ ਨੂੰ ਆਸਟਰੇਲੀਆ ਦੀ ਸਥਾਈ ਨਾਗਰਿਕਤਾ ਹਾਸਿਲ ਹੋ ਚੁੱਕੀ ਸੀ।ਦੂਸਰੇ ਪਾਸੇ, ਆਸਟਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ 'ਤੇ ਆਸਟਰੇਲੀਆ ਨੇ ਕਿਹਾ ਸੀ ਕਿ ਉਸ ਦੀ ਜ਼ਮੀਨ ਵਿਦੇਸ਼ੀ ਵਿਦਿਆਰਥੀਆਂ ਲਈ ਪੂਰੀ ਤਰ੍ਹਾਂ ਸੁਰੱਖਿਅਤ ਹੈ। ਆਸਟਰੇਲੀਆ ਦੀ ਉਪ ਪ੍ਰਧਾਨ ਮੰਤਰੀ ਜੂਲੀਆ ਗਿਲਰਡ ਨੇ ਜ਼ੋਰ ਦੇ ਕੇ ਕਿਹਾ ਕਿ ਉਹਨਾਂ ਦਾ ਦੇਸ਼ ਸਾਰੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਸੁਰੱਖਿਅਤ ਹੈ। ਉਹਨਾਂ ਕਿਹਾ ਕਿ ਦੁਨੀਆਂ ਦੇ ਹਰ ਵੱਡੇ ਸ਼ਹਿਰ ਵਿੱਚ ਹਿੰਸਾ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਅਜਿਹੀਆਂ ਘਟਨਾਵਾਂ ਨੂੰ ਜ਼ਿਆਦਾ ਤੂਲ ਦਿੱਤੇ ਜਾਣ ਦੀ ਕੋਈ ਜ਼ਰੂਰਤ ਨਹੀਂ ਹੈ।

## ਟਕਸਾਲ ਮੁਖੀ ਵੱਲੋਂ ਲੁਧਿਆਣਾ ਕਾਂਡ ਵਿਰੁੱਧ ਕਾਰਵਾਈ ਲਈ 7 ਮੈਂਬਰੀ ਕਮੇਟੀ ਕਾਇਮ

ਜਲੰਧਰ, 9 ਜਨਵਰੀ (ਮਲਕੀਤ ਸਿੰਘ ਬਰਾੜ)-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਇੱਕ ਲਿਖਤੀ ਬਿਆਨ ਵਿੱਚ ਲੁਧਿਆਣਾ ਗੋਲੀ ਕਾਂਡ ਦੇ ਦੋਸ਼ੀਆ ਵਿਰੁੱਧ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕਰਨ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੰਤ ਸਮਾਜ ਵੱਲੋਂ ਪੰਜਾਬ ਦੇ ਰਾਜਪਾਲ ਨੂੰ ਵੀ ਮੰਗ ਪੱਤਰ ਦੇ ਕੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ ਸੀ। ਰਾਜਪਾਲ ਵੱਲੋਂ ਮੰਗ ਪੱਤਰ ਉਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਉਨ੍ਹਾਂ ਆਪਣੇ ਇਹ ਦੋਸ਼ ਨੂੰ ਫ਼ਿਰ ਦੁਹਰਾਇਆ ਕਿ ਗੁਰੂ ਡੰਮ ਨੂੰ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵੇਂ ਉਤਸ਼ਾਹ ਕਰ ਰਹੀਆਂ ਹਨ। ਬਾਬਾ ਹਰਨਾਮ ਸਿੰਘ ਖਾਲਸਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸੰਤ ਸਮਾਜ ਨਕਲੀ ਗੁਰੂਆਂ ਦੀਆਂ ਸਮਾਜ ਵਿੱਚੋਂ ਜੜ੍ਹਾਂ ਪੁੱਟਣ ਲਈ ਦ੍ਰਿੜ ਸੰਕਲਪ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਗੁਰੂ ਸਾਹਿਬਾਨ ਦੀ ਬਰਾਬਰੀ ਨਹੀਂ ਕਰਨ ਦਿੱਤੀ ਜਾਵੇਗੀ। ਸੰਤ ਸਮਾਜ ☛(ਬਾਕੀ ਸਫਾ 2 'ਤੇ)

**7 ਮੈਂਬਰੀ ਕਮੇਟੀ**

ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਵਾਲੇ, ਬਾਬਾ ਪਰਮਜੀਤ ਸਿੰਘ ਮਾਹਿਲਪੁਰ ਵਾਲੇ, ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ, ਬਾਬਾ ਸੁਖਚੈਨ ਸਿੰਘ ਧਰਮਪੁਰਾ, ਬਾਬਾ ਲਖਵੀਰ ਸਿੰਘ ਰਤਵਾੜਾ, ਭਾਈ ਜਸਵੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਹਰਜਿੰਦਰ ਸਿੰਘ ਜਿੰਦੂ ਨਾਨਕਸਰ ਸ਼ਾਮਲ ਹਨ।

## ਮੌਸਮ ਦੀ ਮਰਜ਼ੀ

### ਪਹਾੜਾਂ 'ਤੇ ਗਰਮੀ, ਮੈਦਾਨ 'ਚ ਸਰਦੀ

ਜਲੰਧਰ, 9 ਜਨਵਰੀ (ਕਮਲਜੀਤ ਥਾਬਲਕੇ/ ਸਰਬਜੀਤ ਵਾਲੀਆ)-ਮੌਸਮ ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜਿਸ ਰਫ਼ਤਾਰ ਨਾਲ ਪੰਜਾਬ ਦਾ ਜਲਵਾਯੂ ਤਬਦੀਲ ਹੋ ਰਿਹਾ ਹੈ। ਉਸ ਦੇ ਚੱਲਦਿਆਂ ਹੁਣ ਪੰਜਾਬੀਆਂ ਲਈ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਮੈਦਾਨੀ ਇਲਾਕਿਆਂ 'ਚ ਪਹਾੜੀ ਇਲਾਕਿਆਂ ਦੀ ਤਰ੍ਹਾਂ ਬਰਫ਼ਬਾਰੀ ਸ਼ੁਰੂ ਹੋ ਜਾਵੇਗੀ। ਜੇਕਰ ਜੰਮੂ ਕਸ਼ਮੀਰ ਨੂੰ ਆਪਣੀ ਰਾਜਧਾਨੀ ਸਰਦੀਆਂ ਵਿੱਚ ਜੰਮੂ ਤਦਬੀਲ ਕਰਨ ਦੀ ਜਹਿਮਤ ਉਠਾਉਣੀ ਪੈਂਦਾ ਹੈ ਤਾਂ ਪੰਜਾਬ ਨੂੰ ਆਪਣੇ ਖੇਤਰ 'ਚ ਦਫ਼ਤਰ ਟਾਈਮ ਘਟਾਉਣ ਅਤੇ ਛੁੱਟੀਆ ਦਾ ਸਹਾਰਾ ਲੈਣਾ ਪਵੇਗਾ। ਪਿਛਲੇ ਤਿੰਨ ਸਾਲਾਂ ਤੋਂ ਸਰਦੀ ਅਤੇ ਗਰਮੀ ਕਾਰਨ ਅਨਨਿਰਧਾਰਿਤ ਛੁੱਟੀਆਂ ਕਰਨ ਦੀ ਮਜ਼ਬੂਰੀ ਤੋਂ ਬਾਅਦ ਕੇਂਦਰ ਦੇ ਨਾਲ ਹੁਣ ਸੂਬਾ ਸਰਕਾਰ ਵੀ ਸੋਚਣ ਲੱਗ ਪਈ ਹੈ ਕਿ ਗਰਮੀਆਂ ਅਤੇ ਸਰਦੀਆਂ ਦੀਆਂ ਛੁੱਟੀਆਂ ਦਾ ਸ਼ਡਿਊਲ ਤਬਦੀਲ ਕੀਤਾ ਜਾਦਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਸਰਕਾਰ ਕਿਸੇ ਨਤੀਜੇ 'ਤੇ ਪੁੱਜਦੀ ਮੌਸਮ ਨੇ ਆਪਣਾ ਕਹਿਰ ਵਰਤਾਅ ਕੇ ਸਰਕਾਰ ਨੂੰ ਛੁੱਟੀਆ ਐਲਾਨ ਕਰਨ 'ਤੇ ਮਜ਼ਬੂਤ ਕਰ ਹੀ ਦਿੱਤਾ ਹੈ। ਸਿਹਤ ਮਾਹਿਰਾਂ ਅਨੁਸਾਰ ਅਜਿਹੀ ਸਰਦੀ ਤੋਂ ਬਚਾਅ ਲਈ ਖਾਸ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਪਾਣੀ ਤੋਂ ਬਚਾਅ ਕਰਨਾ ਚਾਹੀਦਾ ਹੈ। ਦਿਲ ਦੇ ਮਰੀਜ਼ਾਂ ਲਈ ਤਾਂ ਇਹ ਦਿਨ ਅਤਿ ਹੀ ਖ਼ਤਰਨਾਕ ਹਨ। ਘਰਾਂ ਵਿੱਚ ਅੰਗੀਠੀਆਂ ਬਾਲ ਕੇ ਨਿੱਘ ਲੈਣ ਤੋਂ ਬਚਾਅ ਕਰਨਾ ਚਾਹੀਦਾ ਹੈ ਇਸ ਨਾਲ ਕਾਰਬਨਡਾਈਅਕਸਾਈਡ ਗੈਸ ਬਣਾਉਂਦਾ ਹੈ ਜੋ ☛(ਬਾਕੀ ਸਫਾ 2 'ਤੇ)

ਉੱਤਰ ਭਾਰਤ 'ਚ ਠੰਢ ਨਾਲ ਲੋਕ ਠਰ ਰਹੇ ਹਨ, ਸਭ ਤੋਂ ਜ਼ਿਆਦਾ ਮਾਰ ਪੈ ਰਹੀ ਹੈ ਬੇਘਰ ਲੋਕਾਂ 'ਤੇ ਉਨ੍ਹਾਂ ਲਈ ਬਸ ਰੈਣ ਬਸੇਰੇ ਹੀ ਰਾਤ ਦਾ ਠਿਕਾਣਾ ਹੈ। ਦਿੱਲੀ 'ਚ ਇਸ ਤਰ੍ਹਾਂ ਦੇ ਹੀ ਰੈਣ ਬਸੇਰੇ ਦਾ ਨਜ਼ਾਰਾ।

## ਸਰਹੱਦ ਪਾਰੋਂ ਫਾਇਰਿੰਗ, ਵਾਹਘਾ ਸਰਹੱਦ ਦੇ ਕੋਲ ਵੀ ਦਾਗੇ ਰਾਕੇਟ

ਅੰਮ੍ਰਿਤਸਰ, 9 ਜਨਵਰੀ (ਮੋਤਾ ਸਿੰਘ)-ਭਾਰਤ ਪਾਕਿਸਤਾਨ ਸਰਹੱਦ 'ਤੇ ਅਟਾਰੀ ਸੈਕਟਰ ਵਿੱਚ ਭਾਰਤ ਵਾਲੇ ਪਾਸੇ ਪਾਕਿਸਤਾਨ ਇਲਾਕੇ ਵਿੱਚੋਂ ਮੁੜ ਰਾਕਟਾਂ ਦੇ ਡਿੱਗਣ ਨਾਲ ਬਾਰਡਰ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਮੋਦੇ ਪਿੰਡ ਨੇੜੇ ਡਿੱਗੇ ਰਾਕਟ ਨਾਲ ਭਾਵੇਂ ਕੋਈ ਜਾਨੀ ਨੁਕਸਾਨ ਨਹੀਂ ਪੁੱਜਾ, ਪਰ ਤੀਸਰੀ ਵਾਰ ਅਜਿਹੀ ਘਟਨਾ ਵਾਪਰਨ ਨਾਲ ਲੋਕ ਭੈ-ਭੀਤ ਹੋਏ ਹਨ। ਇਸ ਤੋਂ ਪਹਿਲਾਂ ਵੀ ਦੋ ਵਾਰ ਉਸ ਇਲਾਕੇ ਵਿੱਚ ਪਾਕਿਸਤਾਨ ਵੱਲੋਂ ਰਾਕਟ ਦਾਗੇ ਚੁੱਕੇ ਹਨ, ਜਿਸ ਵਿੱਚ ਪਹਿਲੀ ਵਾਰ 3 ਅਤੇ ਦੂਜੇ ਵਾਰ 7 ਰਾਕਟ ਦਾਗੇ ਗਏ ਸਨ। ਬੀਤੀ ਰਾਤ ਵਾਪਰੀ ਇਸ ਘਟਨਾ ਦੇ ਬਾਅਦ ਬੀ.ਐੱਸ.ਐੱਫ. ਦੇ ਸੀਨੀਅਰ ਅਧਿਕਾਰੀਆਂ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਕਿਹਾ ਕਿ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ ਅਤੇ ਅੱਗੋਂ ਵੀ ਕੋਈ ਲਿਹਾਜ ਨਹੀਂ ਕੀਤਾ ਜਾਵੇਗਾ। ਬੀ.ਐੱਸ.ਐੱਫ. ਦੇ ਇੱਕ ਅਧਿਕਾਰੀ ਹਿੰਮਤ ਸਿੰਘ ਨੇ ਕਿਹਾ ਕਿ ਅਸੀਂ ਪਾਕਿਸਤਾਨ ਸਰਕਾਰ ਕੋਲ ਸਖਤ ਰੋਸ ਪ੍ਰਗਟ ਕੀਤਾ ਹੈ। ਜੰਮੂ-ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲਿਆਂ ਤੋਂ ਬਾਅਦ ਇੱਕ ਵਾਰ ਫਿਰ ਸ਼ਨੀਵਾਰ ਤੜਕੇ ਭਾਰਤ-ਪਾਕਿ ਅੰਤਰ-ਰਾਸ਼ਟਰੀ ਸਰਹੱਦ 'ਤੇ ਜ਼ੋਰਦਾਰ ਫਾਇਰਿੰਗ ਹੋਈ ਹੈ। ਅਧਿਕਾਰਿਕ ਸੂਤਰਾਂ ਅਨੁਸਾਰ ਜੰਮੂ-ਕਸ਼ਮੀਰ ਵਿੱਚ ਪਰਗਾਵਾਲ ਦੇ ਨੇੜੇ ਸਵੇਰੇ ਚਾਰ ਵਜੇ ਪਾਕਿਸਤਾਨੀ ਫੌਜ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਬੀ.ਐਸ.ਐਫ. ਦੇ ਉਚ ਅਧਿਕਾਰੀ ਅਤੇ ਆਰਮੀ ਦੇ ਜਵਾਨ ਮੌਕੇ 'ਤੇ ਪਹੁੰਚੇ ਹਨ। ਘਟਨਾ ਦੇ ਮੱਦੇਨਜ਼ਰ ਜੰਮੂ-ਅਖਨੂਰ ਹਾਈਵੇ 'ਤੇ ਹਾਈ ਐਲਰਟ ਐਲਾਨ ਕਰ ਦਿੱਤਾ ਗਿਆ ਹੈ। ਅਧਿਕਾਰੀ ਫਾਇਰਿੰਗ ਦੀ ਆੜ ਵਿੱਚ ਅੱਤਵਾਦੀਆਂ ਦੀ ਘੁਸਪੈਠ ਦਾ ਖਦਸ਼ਾ ਪ੍ਰਗਟਾ ☛(ਬਾਕੀ ਸਫਾ 2 'ਤੇ)

(ਫੋਟੋ :ਜੀ. ਐਸ. ਪੰਕਜ)

## ਸੁਤੰਤਰਤਾ ਸੰਗਰਾਮੀ ਦੀਵਾਨ ਜਗਦੀਸ਼ ਚੰਦਰ ਚੱਲ ਵਸੇ

### ਬਾਦਲ ਵੱਲੋਂ ਦੁੱਖ ਪ੍ਰਗਟ

ਲੁਧਿਆਣਾ, 9 ਜਨਵਰੀ (ਰਾਜ ਜੋਸ਼ੀ)- ਲੁਧਿਆਣਾ ਦੇ ਪਹਿਲੇ ਐਮ.ਐਲ.ਏ., ਪ੍ਰਧਾਨ ਫਰੀਡਮ ਫਾਈਟਰਜ਼ ਆਰਗੇਨਾਈਜ਼ੇਸ਼ਨ ਆਫ ਇੰਡੀਆ, ਸਾਬਕਾ ਪ੍ਰਧਾਨ ਕਾਂਗਰਸ ਕਮੇਟੀ ਲੁਧਿਆਣਾ ਅਤੇ ਮਹਾਨ ਸੁਤੰਤਰਤਾ ਸੰਗਰਾਮੀ ਦੀਵਾਨ ਜਗਦੀਸ਼ ਚੰਦਰ (96 ਸਾਲ) ਅੱਜ ਸਵੇਰੇ ਸਵਰਗ ਸਿਧਾਰ ਗਏ ਸਨ, ਦਾ ਅੰਤਿਮ ਸੰਸਕਾਰ ਸਮਸ਼ਾਨ ਘਾਟ ਸਿਵਲ ਲਾਈਨਜ਼ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਇਸ ਮੌਕੇ ਤੇ ਪੁਲਿਸ ਦੀ ਇਕ ਟੁੱਕੜੀ ਵਲੋਂ ਹਵਾ ਵਿਚ ਫਾਇਰ ਕਰਕੇ ਸਵਰਗੀ ਦੀਵਾਨ ਜਗਦੀਸ਼ ਚੰਦਰ ਨੂੰ ਸਲਾਮੀ ਦਿੱਤੀ ਗਈ। ਉਹ ਆਪਣੇ ਪਿਛੇ 4 ਪੁੱਤਰ ਸ਼੍ਰੀ ਭਾਰਤ ਦੀਵਾਨ ਦੀਵਾਨ ਗੈਸ ਸਰਵਿਸ, ਡਾ. ਨਰੋਤਮ ਦੀਵਾਨ ਦੀਵਾਨ ਹਸਪਤਾਲ ਅਤੇ ਪ੍ਰਧਾਨ ਆਈ.ਐਮ.ਏ. ਲੁਧਿਆਣਾ, ਸ਼੍ਰੀ ਪ੍ਰਤਾਪ ਦੀਵਾਨ ਐਡਵੋਕੇਟ ਅਤੇ ਸ਼੍ਰੀ ਅਸ਼ੋਕ ਦੀਵਾਨ ਦੀਵਾਨ ਇੰਡਸਟਰੀ ਛੱਡ ਗਏ ਹਨ। ਇਸ ਤੋਂ ਪਹਿਲਾਂ ਸ. ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ☛(ਬਾਕੀ ਸਫਾ 2 'ਤੇ)

**ਲੋਹੜੀ ਸਮਾਗਮ ਅੱਗੇ ਪਿਆ**

-ਸੁਤੰਤਰਤਾ ਸੈਲਾਨੀ ਦੀਵਾਨ ਜਗਦੀਸ਼ ਚੰਦਰ ਦੇ ਅਚਾਨਕ ਸਵਰਵਾਸ ਹੋਣ ਕਾਰਨ ਆਈ.ਐਮ.ਏ. ਲੁਧਿਆਣਾ ਵੱਲੋਂ ਅੱਜ 10-1-10 ਦਾ ਕੀਤਾ ਜਾਣ ਵਾਲਾ ਲੋਹੜੀ ਸਮਾਗਮ ਅੱਗੇ ਪਾ ਦਿੱਤਾ ਗਿਆ ਹੈ। ਡਾ. ਹਰਦੀਪ ਸਿੰਘ ਅਨੁਸਾਰ ਇਸ ਲਈ ਅਗਲੀ ਤਰੀਕ ਫਿਰ ਕਿਸੇ ਦਿਨ ਉਲੀਕੀ ਜਾਵੇਗੀ।

## ਪੰਜਾਬ ਦਾ ਖਜ਼ਾਨਾ ਖਾਲੀ, ਤਨਖਾਹਾਂ ਵੀ ਰੁਕਣਗੀਆਂ

ਚੰਡੀਗੜ੍ਹ, 9 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਆਮਦਨ ਤੋਂ ਜ਼ਿਆਦਾ ਖਰਚ ਅਤੇ ਵੱਖ-ਵੱਖ ਵਰਗਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀਆਂ ਦੇ ਕਾਰਨ ਰਾਜ ਸਰਕਾਰ ਦੀ ਵਿਤੀ ਹਾਲਤ ਵਿੱਚ ਦਿਨ ਪਰ ਦਿਨ ਵਿਗੜਦੀ ਅਤੇ ਡਿੱਗਦੀ ਜਾ ਰਹੀ ਹੈ। ਆਪਣੇ ਕਰਮਚਾਰੀਆਂ ਦੇ ਵੇਤਨ ਤੱਕ ਦੇਣ ਲਈ ਸਰਕਾਰ ਦੇ ਪਾਸ ਧੰਨ ਨਹੀਂ ਰਿਹਾ ਹੈ। ਵਿਕਾਸ ਕੰਮਾਂ ਦੇ ਲਈ ਕੇਂਦਰ ਤੋਂ ਆਇਆ ਫੰਡ ਕਰਮਚਾਰੀਆਂ ਦੀਆਂ ਤਨਖਾਹਾਂ 'ਤੇ ਖਰਚ ਕੀਤੇ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਰਾਜ ਦੇ ਸਾਰੇ ਸ਼ੁਰੂ ਕੀਤੇ ਗਏ ਵਿਕਾਸ ਦੇ ਕੰਮ ਠੱਪ ਹੋ ਚੁੱਕੇ ਹਨ। ਇਸ ਗੱਲ ਦਾ ਖੁਲਾਸਾ ਰਾਜ ਦੇ ਚੀਫ ਸੈਕਟਰੀ ਪੰਜਾਬ ਐੱਸ.ਸੀ. ਅੱਗਰਵਾਲ ਵੱਲੋਂ ਪ੍ਰਮੁੱਖ ਸਕੱਤਰਾਂ ਦੀ ਮੀਟਿੰਗ ਵਿੱਚ ਕੀਤਾ ਗਿਆ, ਜੋ ਕਿ ਪੰਜਾਬ ਦੇ ਵਿਕਾਸ ਕੰਮਾਂ ਅਤੇ ਪ੍ਰਮੁੱਖ ਸਕੱਤਰਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਸੱਦੀ ਗਈ ਸੀ ਅਤੇ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਰਾਜ ਦੇ ਵੱਖ-ਵੱਖ ਵਿਕਾਸ ਦੇ ਪ੍ਰਮੁੱਖ ਸਕੱਤਰਾਂ ਨੂੰ ਚੀਫ ਸੈਕਟਰੀ ਐੱਸ.ਪੀ. ਅਗਰਵਾਲ ਨੂੰ ਸਪੱਸ਼ਟ ਤੌਰ 'ਤੇ ਦੱਸਿਆ ਕਿ ਸਾਡੇ ਵਿਭਾਗ ਵਿੱਚ ਫੰਡ ਦੀ ਕਮੀ ਕਰਕੇ ਵੀ ਵਿਕਾਸ ਦੇ ਕੰਮ ਨਹੀਂ ਹੋ ਰਹੇ. ਪਹਿਲੇ ਪਏ ਕੰਮ ਵੀ ਠੱਪ ਹੋਏ ਪਏ ਹਨ। ਮੀਟਿੰਗ ਵਿੱਚ ਪ੍ਰਮੁੱਖ ਸਕੱਤਰਾਂ ਦਾ ਕਹਿਣਾ ਹੈ ਕਿ ਇੱਥੇ ਤੱਕ ਕਿ ਕੇਂਦਰੀ ਸਰਕਾਰ ਵੱਲੋਂ ਫੰਡ ਨਾਲ ਸ਼ੁਰੂ ਕੀਤੀਆਂ ਯੋਜਨਾਵਾਂ ਦਾ ਕੰਮ ਵੀ ਠੱਪ ਪਿਆ ਹੈ, ਕਿਉਂਕਿ ਕੇਂਦਰ ਤੋਂ ਇਨ੍ਹਾਂ ਯੋਜਨਾਵਾਂ ਦੇ ਲਈ ਆਇਆ ਫੰਡ ਉਸ ਸਮੇਂ ਤੱਕ ਖਰਚ ਨਹੀਂ ਕੀਤਾ ਜਾ ਸਕਦਾ, ਜਦੋਂ ਤੱਕ ਰਾਜ ਸਰਕਾਰ ਆਪਣੇ ਨਿਰਧਾਰਤ ਹਿੱਸੇ ਦੀ ਰਾਸ਼ੀ ਉਸ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਉਂਦੀ। ਰਾਜ ਸਰਕਾਰ ਵੱਲੋਂ ਫੰਡ ਵਿੱਚ ਹਿੱਸਾ ਜਮ੍ਹਾਂ ਕਰਵਾਉਣ ਤਾਂ ਦੂਰ ਦੀ ਗੱਲ ਹੈ ਉਹ ਤਾਂ ਕੇਂਦਰ ਤੋਂ ਆਏ ਫੰਡ ਦੀ ਰਕਮ ਨੂੰ ਵੇਤਨ ਭੱਤਾ ਹੀ ਅਦਾਇਗੀ ਲਈ ਖਰਚ ਕਰ ਰਹੀ ਹੈ। ਪੀ.ਡਬਲਿਯੂ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਵਿਕਾਸ ਵਿੱਚ ਵਿਕਾਸ ਦੇ ਕੰਮ ਪੂਰੀ ਤਰ੍ਹਾਂ ਠੱਪ ਪਏ ਹੋਏ ਹਨ। ਕਿਉਂਕਿ ਵਿਕਾਸ ਕੰਮਾਂ ਦੇ ਲਈ ਆਈ ਰਾਸ਼ੀ ਨੂੰ ਸਰਕਾਰ ਨੇ ਕਰਮਚਾਰੀਆਂ ਦੇ ਵੇਤਨ ਭੱਤਿਆਂ ਦੇ ਲਈ ਖਰਚ ਕਰ ਦਿੱਤੀ ਹੈ। ਸੈਨੀਟੇਸ਼ਨ ਵਿਕਾਸ ਦਾ 300 ਕਰੋੜ ਰੁਪਏ ਦੀ ਸਰਕਾਰ ਪਹਿਲਾਂ ਹੀ ਮੁਲਾਜ਼ਮਾਂ ਦੇ ਵੇਤਨ ਭੱਤਿਆਂ ਉਪਰ ਖਰਚ ਕਰ ਚੁੱਕੀ ਹੈ। ਦੂਸਰੇ ਪਾਸੇ ਰਾਜ ਦੇ ਵਿੱਤ ਪ੍ਰਿੰਸੀਪਲ ਸਕੱਤਰ ਕਰਨ ਅਵਤਾਰ ਸਿੰਘ ਮੀਟਿੰਗ ਵਿੱਚ ਆਪਣੀ ਰਿਪੋਰਟ ਪੇਸ਼ ਕਰਦੇ ਹੋਏ ਸਰਕਾਰ ਨੂੰ ਵਾਰਨਿੰਗ ਦਿੱਤੀ ਹੈ ਕਿ ਅਗਰ ਖਰਚ ਵਿੱਚ ਕਮੀਆਂ ਨਾ ਕੀਤੀਆਂ ਗਈਆਂ ਤਾਂ ਰਾਜ ਦਾ ਵਿੱਤੀ ਸੰਕਟ ਹੋਰ ਜ਼ਿਆਦਾ ਡੂੰਘਾ ਹੋ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਰਾਜ ਵਿੱਚ ਆਮਦਨ ਤੋਂ ਡੇਢ ਗੁਣਾ ਖਰਚ ਜ਼ਿਆਦਾ ਹੋ ਰਿਹਾ ਹੈ। ਇੱਥੇ ਵਰਨਣਯੋਗ ਹੈ ਕਿ ਇਸ ਲਈ ਰਾਜ ਪਰ ਸਬਸਿਡੀਆਂ ਦੇ ਰੂਪ ਵਿੱਚ 3450 ਕਰੋੜ ਰੁਪਏ ਦਾ ਬੋਝ ਹੈ, ਸਰਕਾਰ ਨੇ ਲੱਗਭੱਗ 1000 ਕਰੋੜ ਰੁਪਏ ਬਿਜਲੀ 'ਤੇ ਸਬਸਿਡੀ ਦੇ ਰਹੀ ਹੈ। ਸਰਕਾਰ ਨੂੰ ਕਰਜ਼ਿਆਂ 15 ਕਰੋੜ ਰੁਪਏ ਪ੍ਰਤੀ ਦਿਨ ਵਿਆਜ ਦੇ ਰੂਪ ਵਿੱਚ ਅਦਾ ਕਰਨੇ ਪੈ ਰਹੇ ਹਨ। ਸਰਕਾਰ ਨੂੰ ਹਰ ਸਾਲ 9000 ਕਰੋੜ ਰੁਪਏ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ☛(ਬਾਕੀ ਸਫਾ 2 'ਤੇ)

## ਸਵ. ਅਨੂਪ ਸਿੰਘ ਗਾਬਾ ਨੂੰ ਅਨੇਕਾਂ ਧਾਰਮਿਕ, ਸਿਆਸੀ ਹਸਤੀਆਂ ਵੱਲੋਂ ਸ਼ਰਧਾਂਜਲੀਆ ਭੇਟ



(ਫੋਟੋ : ਕੁਲਦੀਪ ਸਟੂਡੀਓ)

ਜਲੰਧਰ, 9 ਜਨਵਰੀ (ਮਲਕੀਤ ਸਿੰਘ ਬਰਾੜ/ਸਰਬਜੀਤ ਵਾਲੀਆ) -ਸ. ਅਨੂਪ ਸਿੰਘ ਗਾਬਾ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅੱਜ ਇੱਥੇ ਉਨ੍ਹਾਂ ਦੇ ਸਪੁੱਤਰ ਸ. ਜਗਜੀਤ ਸਿੰਘ ਗਾਬਾ ਦੇ ਗ੍ਰਹਿ ਵਿਖੇ ਪਿਆ। ਜਿਸ ਤੋਂ ਬਾਅਦ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਵਿਖੇ ਮਨੋਹਰ ਕੀਰਤਨ ਸਰਵਣ ਕੀਤਾ ਗਿਆ। ਇਸ ਮੌਕੇ ਸ਼ਰਧਾਂਜਲੀ ਸਮਾਰੋਹ 'ਚ ਅਨੇਕਾਂ ਉੱਘੀਆਂ ਧਾਰਮਿਕ ਅਤੇ ਸਿਆਸੀ ਹਸਤੀਆਂ ਸ਼ਾਮਲ ਹੋਈਆਂ। ਅਨੇਕਾਂ ਸਿੰਘ ਸਭਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮੌਕੇ ਸ. ਗਾਬਾ ਨੂੰ ਦਸਤਾਰ ਭੇਟ ਕੀਤੀ ਗਈ ਅਤੇ ਅਤੁੱਟ ਲੰਗਰ ਵਰਤੇ। ਸ਼ਰਧਾਜ਼ਲੀ ਸਮਾਗਮ 'ਚ ਸ਼ਾਮਲ ਸਖ਼ਸ਼ੀਅਤਾਂ 'ਚ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਜਥੇਦਾਰ ਕੁਲਦੀਪ ਸਿੰਘ ਬਡਾਲਾ, ਸ. ਗੁਰਚਰਨ ਸਿੰਘ ਚੰਨੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਪ੍ਰਧਾਨ ਸ਼ਹਿਰੀ ਅਕਾਲੀ ਦਲ ਬਾਦਲ, ਸ. ਸਰਬਜੀਤ ਸਿੰਘ ☛(ਬਾਕੀ ਸਫਾ 2 'ਤੇ)

**ਫੋਕਸ / ਸਮਕਾਲੀ ਦ੍ਰਿਸ਼ਟੀਕੋਣ**

## ਦਿਸ਼ਾਹੀਣਤਾ ਦਾ ਆਲਮ

ਪਿਛਲੇ ਕੁਝ ਦਿਨਾਂ ਤੋਂ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਆਪਣੀ ਹੀ ਸਰਕਾਰ ਵਿਰੁੱਧ ਵਿੱਢੀ ਗਈ ਜੰਗ ਤਾਂ ਉਸ ਨੇ ਜਿੱਤ ਲਈ ਹੈ, ਹੁਣ ਇਸ ਤੋਂ ਬਾਅਦ ਉਹ ਇਹ ਵੀ ਯੋਜਨਾ ਬਣਾ ਰਹੀ ਹੈ ਕਿ ਲੋਕਾਂ ਵਿੱਚ ਇਸ ਜਿੱਤ ਨੂੰ ਪ੍ਰਚਾਰਿਆ ਜਾਵੇ, ਜਿਸ ਨਾਲ ਆਪਣੀ ਗੁਆਚ ਰਹੀ ਸਾਖ਼ ਨੂੰ ਮੁੜ ਬਹਾਲ ਕੀਤਾ ਜਾਵੇ ਤੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਹੋਈ ਹਾਰ ਦੀ ਨਮੋਸ਼ੀ ਨੂੰ ਜੇਤੂ ਮੁਸਕਾਨ ਵਿੱਚ ਬਦਲਿਆ ਜਾਵੇ। ਪਰ ਸਾਡੀ ਨਜ਼ਰ ਵਿੱਚ ਉਸ ਦੀ ਇਹ ਜਿੱਤ ਪੰਜਾਬ ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੀ ਇੱਕ ਹੋਰ ਹਾਰ ਸਾਬਤ ਹੋਈ ਹੈ। ਇਸ ਤਰ੍ਹਾਂ ਚਿਰਾਂ ਤੋਂ ਦਿਸ਼ਾਹੀਣਤਾ ਦੀ ਸਥਿਤੀ ਵਿੱਚ ਵਿਚਰ ਰਹੀ ਭਾਜਪਾ ਦੀ ਹਾਰ ਦੀ ਨਮੋਸ਼ੀ ਵਿੱਚ ਹੋਰ ਵਾਧਾ ਹੋ ਗਿਆ ਹੈ। ਭਾਜਪਾ ਸਬੰਧੀ ਇਹ ਪ੍ਰਭਾਵ ਬਣਿਆ ਰਿਹਾ ਹੈ ਕਿ ਉਸ ਦੀ ਹਾਰ ਗੱਠਜੋੜ ਸਰਕਾਰ ਦੀਆਂ ਪਿਛਲਤੋਰ ਨੀਤੀਆਂ ਕਾਰਨ ਹੋਈ ਹੈ ਕਿਉਂਕਿ ਅਕਾਲੀਆਂ ਨੂੰ ਆਪਣੇ ਵੋਟ ਬੈਂਕ ਦਾ ਫ਼ਿਕਰ ਰਿਹਾ ਹੈ। ਇਸੇ ਲਈ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਪ੍ਰਸ਼ਾਸਨ ਨੇ ਉਨ੍ਹਾਂ ਨੀਤੀਆਂ ਨੂੰ ਹੀ ਪਹਿਲ ਦਿੱਤੀ ਜੋ ਅਕਾਲੀ ਵੋਟ ਬੈਂਕ ਵੱਲ ਸੇਧਤ ਸਨ, ਜਦੋਂ ਕਿ ਭਾਜਪਾ ਦੇ ਵੋਟ ਬੈਂਕ ਵੱਲ ਧਿਆਨ ਨਾ ਦਿੱਤੇ ਜਾਣ ਕਾਰਨ ਇਸ ਦੇ ਆਧਾਰ ਨੂੰ ਲਗਾਤਾਰ ਖੋਰਾ ਲੱਗਦਾ ਰਿਹਾ। ਹਾਲਾਂਕਿ ਇਸ ਬਾਰੇ ਪੂਰੀ ਤਰ੍ਹਾਂ ਇਹ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਭਾਜਪਾ ਨੂੰ ਖੋਰਾ ਇਨ੍ਹਾਂ ਨੀਤੀਆਂ ਕਾਰਨ ਲੱਗਾ ਹੈ ਜਾਂ ਪਾਰਟੀ ਦੀਆਂ ਅੰਦਰਲੀਆਂ ਅਨੇਕਾਂ ਹੋਰ ਕਮਜ਼ੋਰੀਆਂ ਕਰਕੇ। ਪਰ ਫਿਰ ਵੀ ਅਜਿਹਾ ਭਰਮ ਭਾਜਪਾ ਜ਼ਰੂਰ ਪਾਲਦੀ ਰਹੀ ਹੈ ਤੇ ਅਕਾਲੀਆਂ ਨੂੰ ਇਸ ਲਈ ਦੋਸ਼ੀ ਠਹਿਰਾਉਂਦੀ ਰਹੀ ਹੈ ਤਿੰਨ ਸਾਲ ਪਹਿਲਾਂ ਜਦੋਂ ਤੋਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਬਣੀ ਹੈ, ਉਦੋਂ ਤੋਂ ਹੀ ਪੰਜਾਬ ਦੀ ਨਿਘਰਦੀ ਆਰਥਿਕ ਹਾਲਤ ਦੇ ਸੰਦਰਭ ਵਿੱਚ ਇਸ ਦੀਆਂ ਨੀਤੀਆਂ ਦੀ ਚਰਚਾ ਹੁੰਦੀ ਰਹੀ ਹੈ। ਇਸ ਸਰਕਾਰ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਰਾਜ ਦੀ ਆਰਥਿਕਤਾ ਨੂੰ ਵਿਸ਼ੇਸ਼ ਯਤਨਾਂ ਨਾਲ ਸਿਹਤਮੰਦ ਰਸਤੇ 'ਤੇ ਤੋਰੇਗੀ। ਪਰ ਸਰਕਾਰ ਦੀਆਂ ਨੀਤੀਆਂ ਪਹਿਲੇ ਦਿਨ ਤੋਂ ਹੀ ਵੋਟਰਾਂ ਨੂੰ ਖ਼ੁਸ਼ ਕਰਨ ਅਤੇ ਰਿਆਇਤਾਂ ਦੇਣ ਵੱਲ ਕੇਂਦਰਿਤ ਰਹੀਆਂ। ਰਿਆਇਤਾਂ ਦੇਣ ਦਾ ਇਹ ਸਿਲਸਿਲਾ ਸ਼ੁਰੂ ਹੋਣ ਤੋਂ ਬਾਅਦ ਨਹੀਂ ਰੁਕਿਆ। ਇਸ ਦੇ ਤਹਿਤ ਜੇਕਰ ਇੱਕ ਖੇਤਰ ਵਿੱਚ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਤਾਂ ਦੂਜਾ ਖੇਤਰ ☛(ਬਾਕੀ ਸਫਾ 2 'ਤੇ)

ਡਾ. ਬਰਜਿੰਦਰ ਸਿੰਘ ਹਮਦਰਦ
ਮੁੱਖ ਸੰਪਾਦਕ
ਰੋਜ਼ਾਨਾ 'ਅਜੀਤ'
ਜਲੰਧਰ

## 31 ਨਵ-ਜੰਮੀਆਂ ਲੜਕੀਆਂ ਦੀ ਲੋਹੜੀ ਮਨਾਈ ਜਾਵੇਗੀ

### ਬਾਬਾ ਅਜੀਤ ਸਿੰਘ ਯੂਥ ਕਲੱਬ ਬਜਰੂੜ ਵੱਲੋਂ ਹੋਵੇਗਾ ਸਮਾਗਮ

ਨੂਰਪੁਰ ਬੇਦੀ, 9 ਜਨਵਰੀ (ਜਗਦੀਪ ਸ਼ਰਮਾ)-31 ਨਵ-ਜੰਮੀਆਂ ਲੜਕੀਆਂ ਦੀ 6ਵੀਂ ਲੋਹੜੀ ਪਾਉਣ ਦਾ ਫੈਸਲਾ ਬਾਬਾ ਅਜੀਤ ਸਿੰਘ ਯੂਥ ਕਲੱਬ ਬਜਰੂੜ ਵੱਲੋਂ ਆਯੋਜਿਤ ਕਰਨ ਦਾ ਫੈਸਲਾ ਲਿਆ ਗਿਆ। ਇਹ ਜਾਣਕਾਰੀ ਦਿੰਦੇ ਹੋਏ ਜਰਨੈਲ ਸਿੰਘ ਬੈਹਣੀਵਾਲ ਪੰਚ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ 12 ਜਨਵਰੀ ਦਿਨ ਮੰਗਲਵਾਰ ਨੂੰ ਨਵ-ਜੰਮੀਆਂ ਲੜਕੀਆਂ ਦੀ ਲੋਹੜੀ ਪਾਈ ਜਾਵੇਗੀ ਤੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਰੁਪਿੰਦਰ ਢਿੱਲੋਂ ਪੰਮਾ ਡੂਮੇਵਾਲ, ਸੁਖਵਿੰਦਰ ਘੋਲਾਂ ਅਤੇ ਪੰਜਾਬ ਮਲਵਈ ਗਿੱਧੇ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਸ ਲੋਹੜੀ ਮੇਲੇ ਦਾ ਉਦਘਾਟਨ ਐੱਸ.ਐੱਸ.ਪੀ. ਰੂਪਨਗਰ ਐੱਲ.ਕੇ. ਯਾਦਵ ਕਰਨਗੇ। ਇਸ ਮੇਲੇ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ, ਸਾਬਕਾ ਫੂਡ ਸਪਲਾਈ ਮੰਤਰੀ ਮਦਨ ਮੋਹਨ ਮਿੱਤਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਲੋਹੜੀ ਦਾ ਮੁੱਖ ਉਦੇਸ਼ ਭਰੂਣ ਹੱਤਿਆ ਨੂੰ ਰੋਕਣਾ ਤੇ ਲੜਕੀਆਂ ਦੀ ਜਨਸੰਖਿਆ ਨੂੰ ਸਹੀ ਅਨੁਪਾਤ ਵਿੱਚ ਲਿਆਉਣ ਦਾ ਮੁੱਖ ਮੁੱਦਾ ਹੋਵੇਗਾ।

ਇਸ ਮੌਕੇ ਹਰਪਾਲ ਸਿੰਘ ਭੋਲਾ ਛੱਜਾ, ਜਰਨੈਲ ਸਿੰਘ ਬੈਹਣੀਵਾਲ, ਮਨੋਹਰ ਲਾਲ ਮਾਝੂ, ਰਣਜੀਤ ਕੌਰ ਸਰਪੰਚ, ਅਮਰਜੀਤ ਸਿੰਘ ਪੰਚ, ਰਾਮ ਲਾਲ ਪੰਚ, ਨਰਿੰਦਰ ਕੌਰ ਪੰਚ, ਹਰਕੇਵਲ ਸਿੰਘ, ਸ਼ਸ਼ੀਕਾਂਤ, ਸੁਸ਼ੀਲ ਕੁਮਾਰ, ਦੀਪਕ ਕੁਮਾਰ ਤੇ ਸ਼ਮਸ਼ੇਰ ਸਿੰਘ, ਅਸ਼ਵਨੀ ਕੁਮਾਰ ਆਦਿ ਕਲੱਬ ਮੈਂਬਰ ਹਾਜ਼ਰ ਸਨ।